

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਖ਼ੁਸ਼ੀ 'ਚ ਲਹਿਰਾ ਮੁਹੱਬਤ ਵਿਖੇ ਸਜਾਏ ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ। ਤਸਵੀਰ: ਭੀਮ ਸੈਨ ਹਦਵਾਰੀਆ

# ਦਸਮੇਸ਼ ਪਿਤਾ ਜੀ ਦੇ ਪ੍ਰਕਾਸ਼ ਪੁਰਬ ਦੀ ਖ਼ੁਸ਼ੀ 'ਚ ਲਹਿਰਾ ਮੁਹੱਬਤ 'ਚ ਨਗਰ ਕੀਰਤਨ ਸਜਾਇਆ

ਲਹਿਰਾ ਮੁਹੱਬਤ, 3 ਜਨਵਰੀ (ਭੀਮ ਸੈਨ ਹਦਵਾਰੀਆ) ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਲਹਿਰਾ ਮੁਹੱਬਤ ਵਾਸੀਆਂ ਵੱਲੋਂ ਸ਼ਰਧਾ ਤੇ ਉਤਸ਼ਾਹਪੂਰਵਕ ਮਨਾਇਆ ਜਾ ਰਿਹਾ ਹੈ। ਇਸ ਖ਼ੁਸ਼ੀ ਵਿਚ ਸਥਾਨਕ ਸ੍ਰੀ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ 2 ਜਨਵਰੀ ਨੂੰ ਸ੍ਰੀ ਅਖੰਡਪਾਠ ਸਾਹਿਬ ਪ੍ਰਕਾਸ਼ ਕਰਵਾਇਆ ਗਿਆ, ਜਿਸ ਦੇ ਭੋਗ 4 ਜਨਵਰੀ (ਮੰਗਲਵਾਰ) ਨੂੰ ਪਾਏ ਜਾਣਗੇ। ਅੱਜ ਵਿਚਕਾਰਲੇ ਦਿਨ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਸਜਾਇਆ ਗਿਆ। ਫੁੱਲਾਂ ਨਾਲ ਸਜਾਈ ਸੁੰਦਰ ਪਾਲਕੀ 'ਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਸੰਗਤਾਂ ਨੇ ਨਤਮਸਤਕ ਹੁੰਦਿਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਨਗਰ ਵਾਸੀਆਂ ਨੇ ਵੱਖ-ਵੱਖ ਪੜਾਵਾਂ 'ਤੇ ਸੰਗਤ ਦਾ ਨਿੱਘਾ ਸਵਾਗਤ ਕੀਤਾ। ਥਾਂ-ਥਾਂ 'ਤੇ ਚਾਹ/ਬਰੈੱਡ ਪਕੌੜੇ ਤੇ ਮਠਿਆਈ ਆਦਿ ਦੇ ਲੰਗਰ ਲਗਾਏ ਗਏ। ਇਸ ਦੌਰਾਨ ਭਾਈ ਬਿੰਦਰ ਸਿੰਘ ਭੁੱਚੋ ਕਲਾਂ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ, ਮੱਖਣ ਸਿੰਘ ਸਿੱਧੂ ਸੇਲਬਰਾ ਦੇ ਢਾਡੀ ਜਥੇ ਤੇ ਭਾਈ ਅਵਤਾਰ ਸਿੰਘ ਸੇਖਪੁਰਾ ਤੇ ਸਮਸ਼ੇਰ ਸਿੰਘ ਬਾਲਿਆਂਵਾਲੀ ਦੇ ਕਵੀਸ਼ਰੀ ਜਥੇ ਨੇ ਸਿੱਖ ਇਤਿਹਾਸ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਗ੍ਰੰਥੀ ਭਾਈ ਭੋਲਾ ਸਿੰਘ ਤੋਂ ਇਲਾਵਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਸਮੂਹ ਮੈਂਬਰਾਂ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਸ਼ਾਮਲ ਸਨ।





ਨਗਰ ਕੀਰਤਨ ਦੀ ਅਗਵਾਈ ਕਰਦੇ ਪੰਜ ਪਿਆਰੇ, ਨਗਰ ਕੀਰਤਨ ਮੌਕੇ ਕੱਢੀਆਂ ਝਾਕੀਆਂ ਦੀ ਤਸਵੀਰ। ਤਸਵੀਰ: ਲਵਲੀ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਸਜਾਇਆ

ਬਠਿੰਡਾ, 3 ਜਨਵਰੀ (ਪ੍ਰੀਤਪਾਲ ਸਿੰਘ ਰੋਮਾਣਾ)-ਸਥਾਨਕ ਗੁਰੂ ਨਾਨਕ ਪੁਰਾ ਮੁਹੱਲਾ ਵਿਖੇ ਸਥਿਤ ਗੁਰਦੁਆਰਾ ਸਾਹਿਬ ਦੀ ਸਮੂੰਹ ਮੈਨੇਜਮੈਂਟ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਹੈਪੀ ਸਿੰਘ ਨੇ ਦੱਸਿਆ ਕਿ ਪੰਜ ਪਿਆਰਿਆਂ ਦੀ ਅਗਵਾਈ 'ਚ ਗੁਰੂ ਨਾਨਕ ਪੁਰਾ ਮੁਹੱਲੇ ਤੋਂ ਸ਼ੁਰੂ ਹੋਏ ਇਸ ਮਹਾਨ ਨਗਰ ਕੀਰਤਨ ਦੀ ਸ਼ੁਰੂਆਤ ਸਮੇਂ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਅਜਮੇਰ ਸਿੰਘ ਨੇ ਅਰਦਾਸ ਕੀਤੀ, ਉਪਰੰਤ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਭਾਈ ਹੈਪੀ ਸਿੰਘ, ਪਰਮਿੰਦਰ ਸਿੰਘ ਜਿੰਮੀ ਵਿਰਾਸਤ-ਏ-ਖ਼ਾਲਸਾ ਨੇ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਦੇ ਜਥੇ ਵਲੋਂ ਰਸਭਿੰਨੇ ਗੁਰਬਾਣੀ ਜਸ ਕੀਰਤਨ ਗਾਇਣ ਕੀਤਾ। ਇਸ ਮੌਕੇ ਇੰਟਰਨੈਸ਼ਨਲ ਗੋਲ ਮੈਡਲਿਸਟ ਨਿਸ਼ਾਨ ਏ ਖ਼ਾਲਸਾ ਗੱਤਕਾ ਅਖਾੜਾ ਵਿਸ਼ੇਸ਼ ਤੌਰ 'ਤੇ ਪਹੁੰਚੇ, ਉਨ੍ਹਾਂ ਵਲੋਂ ਹੈਰਾਨੀਜਨਕ ਗੱਤਕੇ ਦੇ ਜੌਹਰ ਦਿਖਾ ਕੇ ਸੰਗਤਾਂ ਨੂੰ ਹੈਰਾਨ ਕਰ ਦਿੱਤਾ। ਨਗਰ ਕੀਰਤਨ ਵਿਚ ਸੰਪਰਦਾਇ ਦਲ ਬਿਧੀ ਚੰਦ ਜੀ ਦੇ 12 ਵੇਂ ਮੁਖੀ ਜਥੇਦਾਰ ਸੰਤ ਅਵਤਾਰ ਸਿੰਘ ਜੀ ਸੁਰ ਸਿੰਘ ਵਾਲੇ ਤੇ ਬੁਰਜ ਸਾਹਿਬ ਮਾਈ ਦੇਸਾਂ ਮੁੱਖ ਸੇਵਾਦਾਰ ਬਾਬਾ ਜਸਵੀਰ ਸਿੰਘ ਦਸਵੀਂ ਅੰਸ਼ ਵੰਸ਼ ਮਾਈ ਦੇਸ਼ਾਂ ਵਿਸ਼ੇਸ਼ ਤੌਰ 'ਤੇ ਪਹੁੰਚੇ। ਭਾਈ ਹੈਪੀ ਸਿੰਘ ਨੇ ਦੱਸਿਆ ਕਿ ਨਗਰ ਕੀਰਤਨ ਮੁਹੱਲਾ ਗੁਰੂ ਨਾਨਕ ਪੁਰਾ ਮੁਹੱਲਾ ਤੋਂ ਸ਼ੁਰੂ ਹੋ ਕੇ ਕਿੱਕਰ ਦਾਸ ਮੁਹੱਲਾ, ਮਿੰਨੀ ਸੈਕਟਰੀ ਰੋਡ, ਬੱਸ ਸਟੈਂਡ, ਅਜੀਤ ਰੋਡ, ਕਲਾਕ ਟਾਵਰ, ਬੀਬੀ ਵਾਲਾ ਰੋਡ, ਮਾਲ ਰੋਡ, ਸਿਰਕੀ ਬਾਜ਼ਾਰ, ਹੁੰਦਾ ਹੋਇਆ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤੀ ਹੋਈ। ਇਸ ਮੌਕੇ ਜਰਨਲ ਸੈਕਟਰੀ ਵਿਕਰਮਜੀਤ ਸਿੰਘ, ਖ਼ਜ਼ਾਨਚੀ ਪ੍ਰੀਤਮ ਸਿੰਘ, ਅਵਤਾਰ ਸਿੰਘ, ਕਿਰਨਜੀਤ ਸਿੰਘ, ਮਾਸਟਰ ਮਾਨ ਸਿੰਘ, ਭਜਨ ਸਿੰਘ, ਹਰਨੇਕ ਸਿੰਘ, ਅਮਨਦੀਪ ਸਿੰਘ, ਗੁਰਵਿੰਦਰ ਸਿੰਘ, ਜੰਗੀਰ ਸਿੰਘ ਮੌਕੇ 'ਤੇ ਮੌਜੂਦ ਸਨ।

# ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਦੀ ਅਗਵਾਈ ਹੇਠ ਪਿੰਡ ਜੱਜਲ 'ਚ ਸੈਂਕੜੇ ਪਰਿਵਾਰ 'ਆਪ' 'ਚ ਸ਼ਾਮਿਲ

ਰਾਮਾਂ ਮੰਡੀ, 3 ਜਨਵਰੀ (ਅਮਰਜੀਤ ਸਿੰਘ ਲਹਿਰੀ)-ਵਿਧਾਨ ਸਭਾ ਚੋਣਾਂ ਦੇ ਨਜ਼ਦੀਕ ਆਉਣ ਨਾਲ ਸਿਆਸੀ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਹਨ, ਇਸੇ ਤਹਿਤ ਹਲਕਾ ਤਲਵੰਡੀ ਸਾਬੋ ਤੋਂ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਵਲੋਂ ਹਲਕੇ ਦੇ ਪਿੰਡਾਂ ਵਿਚ ਆਪਣੀ ਚੋਣ ਮੁਹਿੰਮ ਵਿੱਢੀ ਹੋਈ ਹੈ। ਪਿੰਡ ਜੱਜਲ ਵਿਖੇ ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦੋਂ ਅਕਾਲੀ ਆਗੂ ਲਾਭ ਸਿੰਘ ਪ੍ਰਧਾਨ, ਕਾਂਗਰਸੀ ਆਗੂ ਗੁਰਮੀਤ ਸਿੰਘ ਗੀਤਾ, ਅੰਗਰੇਜ਼ ਸਿੰਘ, ਬੱਗਾ ਸਿੰਘ, ਨਵੀ ਸਿੰਘ, ਮਹਿੰਦਰ ਸਿੰਘ, ਗੁਰਸੇਵਕ ਸਿੰਘ, ਜਗਤਾਰ ਸਿੰਘ ਆਦਿ ਆਗੂਆਂ ਆਪਣੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਏ ਗਏ। ਜਿਨ੍ਹਾਂ ਨੂੰ ਵਿਧਾਇਕਾ ਪ੍ਰੋ: ਬਲਜਿੰਦਰ ਕੌਰ ਪਾਰਟੀ ਵਿਚ ਸ਼ਾਮਿਲ ਕਰਦਿਆਂ ਜੀ ਆਇਆਂ ਕਿਹਾ। ਇਸ ਮੌਕੇ ਪਰਿਵਾਰ ਵਲੋਂ ਵਿਧਾਇਕਾ ਨੂੰ ਲੱਡੂਆਂ ਨਾਲ ਤੋਲਕੇ ਮਾਣ ਬਖਸ਼ਿਆ। ਵਿਧਾਇਕਾ ਨੇ ਕਿਹਾ ਕਿ ਪਿਛਲੇ ਦਿਨੀਂ ਵੀ ਵੱਡੀ ਗਿਣਤੀ ਵਿਚ ਪਰਿਵਾਰ ਆਮ ਆਦਮੀ ਪਾਰਟੀ ਦਾ ਹਿੱਸਾ ਬਣੇ ਸਨ, ਜਿਸ ਨਾਲ ਪਿੰਡ ਜੱਜਲ ਵਿਚ ਪਾਰਟੀ ਪ੍ਰਤੀ ਇਕਤਰਫ਼ਾ ਮਾਹੌਲ ਬਣਦਾ ਜਾ ਰਿਹਾ ਹੈ। ਇਸ ਮੌਕੇ ਸੁਖਰਾਜ ਸਿੰਘ ਬੱਲ, ਬਲਾਕ ਪ੍ਰਧਾਨ ਕੁਲਵੰਤ ਸਿੰਘ ਸੀਂਗੋ, ਸਰਕਲ ਪ੍ਰਧਾਨ ਜਗਮੇਲ ਸਿੰਘ, ਇਕਬਾਲ ਸਿੰਘ, ਬਿੰਦਰ ਸਿੰਘ ਗਹਿਲੇਵਾਲਾ, ਗੁਰਪ੍ਰੀਤ ਸਿੰਘ, ਹਰਜਿੰਦਰ ਸਿੰਘ, ਯੂਥ ਆਗੂ ਜਸਕਰਨ ਸਿੰਘ, ਚਮਕੌਰ ਸਿੰਘ ਜੱਜਲ, ਜਗਤਾਰ ਸਿੰਘ ਜੱਜਲ, ਬੀਰ ਸਿੰਘ ਫ਼ੌਜੀ, ਸੁਖਵਿੰਦਰ ਸਿੰਘ ਲਹਿਰੀ, ਬਲਦੇਵ ਸਿੰਘ ਲਹਿਰੀ, ਬਲਕਰਨ ਸਿੰਘ ਲਹਿਰੀ, ਹੈਪੀ ਕਣਕਵਾਲ, ਗੁਰਜੰਟ ਸਰਪੰਚ ਲਾਲੇਆਣਾ ਆਦਿ ਆਗੂ ਹਾਜ਼ਰ ਸਨ।

## ਜਨਮ ਦਿਨ ਮੁਬਾਰਕ



ਹਰਸ਼ਵਰਧਨ
ਪਿਤਾ : ਵਰਿੰਦਰਪਾਲ
ਮਾਤਾ : ਜੋਗਿੰਦਰ ਕੌਰ
ਬਠਿੰਡਾ



ਰਣਵੀਰ ਸਿੰਘ
ਪਿਤਾ : ਰਾਮ ਕ੍ਰਿਸ਼ਨ
ਮਾਤਾ : ਸਿਮਰਨ ਕੌਰ
ਪਿੰਡ : ਮਾਹੀਨੰਗਲ, ਬਠਿੰਡਾ



ਪ੍ਰਤਾਪਇੰਦਰ ਸਿੰਘ ਔਲਖ
ਪਿਤਾ : ਕੁਲਦੀਪ ਸਿੰਘ
ਮਾਤਾ : ਅੰਮ੍ਰਿਤਪਾਲ ਕੌਰ ਔਲਖ
ਪਿੰਡ : ਮੰਡੀ ਕਲਾਂ, ਬਠਿੰਡਾ



ਗੁਰਨਾਜ਼ ਸਿੰਘ
ਪਿਤਾ: ਕੁਲਦੀਪ ਸਿੰਘ
ਮਾਤਾ: ਅਜੀਤਪਾਲ ਕੌਰ
ਵਾਸੀ: ਬਠਿੰਡਾ



ਜੁਝਾਰ ਸਿੰਘ
ਪਿਤਾ : ਗਗਨਦੀਪ ਸਿੰਘ
ਮਾਤਾ : ਕੁਲਦੀਪ ਕੌਰ
ਵਾਸੀ : ਤਲਵੰਡੀ ਸਾਬੋ

## ਵਰ੍ਹੇਗੰਢ ਮਨਾਈ



ਸੁਨੀਲ ਕੁਮਾਰ ਅਤੇ ਆਰਤੀ ਵਾਸੀ ਮੋਗਾ ਨੇ ਆਪਣੇ ਵਿਆਹ ਦੀ 13ਵੀਂ ਵਰ੍ਹੇਗੰਢ ਮਨਾਈ।

# ਗੂੰਗੇ ਤੇ ਬੋਲ਼ੇ ਬੱਚਿਆਂ ਦੀ ਸਫਲਤਾਪੂਰਵਕ ਕੀਤੀ ਗਈ ਕਾਕਲੀਅਰ ਇੰਪਲਾਂਟ ਸਰਜਰੀ-ਏ.ਆਈ.ਐੱਮ.ਐੱਸ.ਆਰ.

ਜਲੰਧਰ, 3 ਜਨਵਰੀ (ਅ.ਬ.)-ਆਦੇਸ਼ ਇੰਸਟੀਚਿਊਟ ਆਫ ਮੈਡੀਕਲ ਸਾਇੰਸਸ ਐਂਡ ਰਿਸਰਚ ਦੇ ਕੰਨ, ਨੱਕ ਤੇ ਗਲੇ ਦੇ ਵਿਭਾਗ ਨੇ 20 ਤੇ 21 ਦਸੰਬਰ ਨੂੰ ਕਾਕਲੀਅਰ ਇੰਪਲਾਂਟ ਸਰਜਰੀ ਕੀਤੀ ਗਈ। ਡਾ. ਗ੍ਰੇਸਬੁਧੀਰਾਜਾ, (ਪ੍ਰੋਫੈਸਰ) ਈ.ਐੱਨ.ਟੀ. ਦੇ ਵਿਭਾਗ ਏ.ਆਈ.ਐੱਮ.ਐੱਸ.ਆਰ. ਵਲੋਂ ਸਰਜਰੀ ਕੀਤੀ ਗਈ। ਇਨ੍ਹਾਂ ਸਰਜਰੀਆਂ ਦੇ ਲਾਭਪਾਤਰੀਆਂ ਵਿਚ 3 ਬੱਚੇ ਸ਼ਾਮਲ ਸਨ ਜੋ ਜਨਮ ਤੋਂ ਸੁਣ ਤੇ ਬੋਲ ਨਹੀਂ ਸਕਦੇ ਸਨ। ਇਨ੍ਹਾਂ ਦੋ ਦਿਨਾਂ ਦੌਰਾਨ ਆਦੇਸ਼ ਹਸਪਤਾਲ ਵਿਖੇ ਕੁੱਲ 3 ਮਰੀਜ਼ਾਂ ਦੇ ਅਪ੍ਰੇਸ਼ਨ ਕੀਤੇ ਗਏ। ਏ.ਡੀ.ਆਈ.ਪੀ. ਸਕੀਮ ਤਹਿਤ ਆਦੇਸ਼ ਹਸਪਤਾਲ ਵਿਖੇ ਇਨ੍ਹਾਂ ਤਿੰਨਾਂ ਬੱਚਿਆਂ ਦੀ ਮੁਫ਼ਤ ਕਾਕਲੀਅਰ ਇੰਪਲਾਂਟ ਸਰਜਰੀ ਕੀਤੀ ਗਈ। ਇਸ ਸਰਜਰੀ ਦੇ ਸਭ ਤੋਂ ਚੰਗੇ ਪਰਿਣਾਮ 5 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਵਿਚ ਵੇਖੇ ਜਾਂਦੇ ਹਨ। ਇਸ ਲਈ ਪ੍ਰਾਰੰਭਿਕ ਨਿਦਾਨ ਤੇ ਪ੍ਰਬੰਧਨ ਜਰੂਰੀ ਹੁੰਦਾ ਹੈ। ਇਸ ਕਰਕੇ ਨਵਜਾਤ ਸਕਰੀਨਿੰਗ ਪ੍ਰੋਗਰਾਮ ਕੰਨ, ਨੱਕ ਤੇ ਗਲੇ ਵਿਭਾਗ ਵਲੋਂ ਏ. ਆਈ. ਐੱਮ. ਐੱਸ. ਆਰ. ਵਿਚ ਚਲਾਇਆ ਜਾ ਰਿਹਾ ਹੈ। ਕੰਨ, ਨੱਕ ਅਤੇ ਗਲੇ ਦੇ ਵਿਭਾਗ ਤੇ ਆਦੇਸ਼ ਹਸਪਤਾਲ ਲਈ ਮਾਣ ਹੈ। ਮਾਲਵਾ ਖੇਤਰ ਵਿਚ ਸੁਣਵਾਈ ਬਾਧਿਤ ਲੋਕਾਂ ਦੀ ਸੁਣਵਾਈ ਲਈ ਇਹ ਇੱਕ ਵੱਡੀ ਪਹਿਲ ਹੈ। ਡਾ: ਗੁਰਪ੍ਰੀਤ ਸਿੰਘ ਗਿੱਲ (ਐੱਮ.ਐੱਸ. ਐਡਮਿਨ) ਨੇ ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਆਦੇਸ਼ ਹਸਪਤਾਲ, ਬਠਿੰਡਾ ਦੇ ਕੰਨ, ਨੱਕ ਤੇ ਗਲੇ ਦੇ ਵਿਭਾਗ ਵਿਚ ਕਾਕਲੀਅਰ ਇੰਪਲਾਂਟ ਸਰਜਰੀ ਸਫਲਤਾਪੂਰਵਕ ਕੀਤੀ ਜਾ ਰਹੀ ਹੈ।

# ਪੰਜਾਬ ਸਰਕਾਰ ਗੁਲਾਬੀ ਸੁੰਡੀ ਨਾਲ ਨਰਮੇ ਦੀ ਫ਼ਸਲ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਤੁਰੰਤ ਦੇਵੇ- ਪ੍ਰੋ. ਬਲਜਿੰਦਰ ਕੌਰ

## 'ਆਪ' ਦੀ ਸਰਕਾਰ ਆਉਣ 'ਤੇ ਆਰ.ਐੱਮ.ਪੀ. ਡਾਕਟਰ ਲਈ ਸਿਖਲਾਈ ਪ੍ਰੋਗਰਾਮ ਲਿਆਂਦਾ ਜਾਵੇਗਾ

ਬਠਿੰਡਾ, 3 ਜਨਵਰੀ (ਵੀਰਪਾਲ ਸਿੰਘ)-ਗੁਲਾਬੀ ਸੁੰਡੀ ਨਾਲ ਮਾਲਵਾ ਪੱਟੀ ਦੇ ਕਿਸਾਨਾਂ ਦੀ ਨਰਮੇ ਦੀ ਫ਼ਸਲ ਦੇ ਹੋਏ ਨੁਕਸਾਨ ਦੇ ਮੁਆਵਜ਼ੇ ਦੇਣ ਦੇ ਸਬੰਧ ਵਿਚ ਪੰਜਾਬ ਸਰਕਾਰ ਵਲੋਂ ਗੰਭੀਰਤਾ ਨਾਲ ਨਾ ਲਏ ਜਾਣ ਨੂੰ ਲੈ ਕੇ ਪ੍ਰੋ. ਬਲਜਿੰਦਰ ਕੌਰ 'ਆਪ' ਵਿਧਾਇਕ ਤਲਵੰਡੀ ਸਾਬੋ ਵਲੋਂ ਅੱਜ ਆਪਣੇ ਦਫ਼ਤਰ ਵਿਖੇ ਪ੍ਰੈੱਸ ਕਾਨਫ਼ਰੰਸ ਕੀਤੀ ਗਈ। ਇਸ ਮੌਕੇ ਪ੍ਰੈੱਸ ਨੂੰ ਸੰਬੋਧਨ ਕਰਦੇ ਹੋਏ ਪ੍ਰੋ. ਬਲਜਿੰਦਰ ਕੌਰ 'ਆਪ' ਵਿਧਾਇਕਾ ਵਲੋਂ ਪੰਜਾਬ ਸਰਕਾਰ ਦੇ ਝੂਠੇ ਕੀਤੇ ਜਾ ਰਹੇ ਵਾਅਦਿਆਂ ਦਾ ਖੰਡਨ ਕਰਦੇ ਹੋਏ ਕਿਹਾ ਕਿ ਕਿਸਾਨਾਂ ਦੀ ਨਰਮੇ ਦੀ ਫ਼ਸਲ ਦੇ ਹੋਏ ਨੁਕਸਾਨ ਦਾ ਬਣਦਾ ਮੁਆਵਜ਼ਾ ਤੁਰੰਤ ਦੇਣ ਦੀ ਮੰਗ ਕੀਤੀ। ਇਸ਼ਤਿਹਾਰਾਂ ਵਿਚ 36000 ਏਕੜ ਨਰਮੇ ਦੀ ਫ਼ਸਲ ਜੋ ਗੁਲਾਬੀ ਸੁੰਡੀ ਨਾਲ ਨੁਕਸਾਨੀ ਗਈ ਫ਼ਸਲ ਨੂੰ ਲੈ ਕੇ ਕਿਸਾਨਾਂ ਨਾਲ ਧੋਖਾ ਕੀਤਾ ਜਾ ਰਿਹਾ, ਪੰਜਾਬ ਸਰਕਾਰ ਦੀ ਨਿਕਾਮੀਆਂ ਕਾਰਨ ਕਿਸਾਨਾਂ ਨੂੰ ਮੁੜ ਤੋਂ ਸੜਕਾਂ 'ਤੇ ਉੱਤਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ, ਪੰਜਾਬ ਸਰਕਾਰ ਵਲੋਂ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਨੌਜਵਾਨ ਵੋਟਰਾਂ ਨੂੰ ਭਰਮਾਉਣ ਲਈ ਕੀਤੇ ਚੋਣ ਵਾਅਦਿਆਂ ਵਿਚ ਕੀਤੇ ਗਏ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਪਿਛਲੇ 75 ਸਾਲਾਂ ਤੋਂ ਪੰਜਾਬ ਦੀ ਸੱਤਾ ਤੇ ਕਾਬਜ਼ ਰਹੀਆਂ ਪਾਰਟੀਆਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੀ ਦੁਰਦਿਸ਼ਾ ਜੋ ਕੀਤੀ ਗਈ ਹੈ, ਉਹ ਲੋਕਾਂ ਦੇ ਸਾਹਮਣੇ ਹੈ। ਉਨ੍ਹਾਂ ਅੱਗੇ ਕਿਹਾ ਕਿ 'ਆਪ' ਦੇ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੰਦੇ ਹੋਏ ਕਿਹਾ ਕਿ ਅੱਜ ਤੱਕ ਕਿਸੇ ਰਾਜਨੀਤਕ ਪਾਰਟੀ ਵਲੋਂ ਪੱਕੇ ਤੌਰ 'ਤੇ ਮੁੱਖ ਮੰਤਰੀ ਦਾ ਚਿਹਰਾ ਸਾਹਮਣੇ ਨਹੀਂ ਲਿਆਂਦਾ ਗਿਆ। 'ਆਪ' ਵਲੋਂ ਸਭ ਤੋਂ ਪਹਿਲਾਂ ਮੁੱਖ ਮੰਤਰੀ ਦਾ ਚਿਹਰਾ ਸਾਹਮਣੇ ਲਿਆਂਦਾ ਜਾਵੇਗਾ। ਇਸ ਮੌਕੇ ਜਗਰੂਪ ਸਿੰਘ ਗਿੱਲ 'ਆਪ' ਉਮੀਦਵਾਰ ਬਠਿੰਡਾ ਸ਼ਹਿਰੀ, ਅਮਰਜੀਤ ਮਹਿਤਾ, ਰਕੇਸ਼ ਪੁਰੀ, ਗੁਰਜੰਟ ਸਿੰਘ ਜ਼ਿਲ੍ਹਾ ਪ੍ਰਧਾਨ, ਅੰਮ੍ਰਿਤ ਲਾਲ ਅਗਰਵਾਲ, ਬਲਕਾਰ ਸਿੰਘ ਭੋਖੜਾ, ਆਦਿ ਹਾਜ਼ਰ ਸਨ।



ਪ੍ਰੋ. ਬਲਜਿੰਦਰ ਕੌਰ 'ਆਪ' ਵਿਧਾਇਕ ਤਲਵੰਡੀ ਸਾਬੋ ਵਲੋਂ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਦਾ ਦ੍ਰਿਸ਼। ਤਸਵੀਰ: ਲਵਲੀ

# ਡਾ: ਬਲਵੰਤ ਸਿੰਘ ਨੇ ਸਿਵਲ ਸਰਜਨ ਵਜੋਂ ਅਹੁਦਾ ਸੰਭਾਲਿਆ

ਬਠਿੰਡਾ, 3 ਜਨਵਰੀ (ਅਵਤਾਰ ਸਿੰਘ)-ਸਥਾਨਕ ਸ਼ਹਿਰ ਦੇ ਸ਼ਹੀਦ ਭਾਈ ਮਨੀ ਸਿੰਘ ਹਸਪਤਾਲ ਵਿਚ ਡਾ: ਬਲਵੰਤ ਸਿੰਘ ਸਿਵਲ ਸਰਜਨ ਦਾ ਕੰਮ ਕਾਰਜ ਡਾ: ਸਿਵਲ ਸਰਜਨ ਤੇਜਵੰਤ ਸਿੰਘ ਢਿੱਲੋਂ ਤੋਂ ਲੈਣ ਉਪਰੰਤ ਸੰਭਾਲਿਆਂ ਗਿਆ ਅਤੇ ਉਨ੍ਹਾਂ ਦਾ ਦਫ਼ਤਰ ਸਿਵਲ ਸਰਜਨ ਦੇ ਸਮੂਹ ਸਟਾਫ਼ ਵਜੋਂ ਜੀ ਆਇਆ ਕਿਹਾ। ਡਾ: ਬਲਵੰਤ ਸਿੰਘ ਸਿਵਲ ਸਰਜਨ ਨੇ ਸਮੁੱਚੇ ਸਿਹਤ ਅਧਿਕਾਰੀਆਂ/ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਅਨੁਸ਼ਾਸਨ ਵਿਚ ਰਹਿੰਦੇ ਹੋਏ ਲੋੜਵੰਦ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾਣ ਅਤੇ ਸਮੇਂ ਦੀ ਪਾਬੰਦਗੀ ਨੂੰ ਯਕੀਨੀ ਬਣਾਇਆ ਜਾਵੇ। ਨੈਸ਼ਨਲ ਹੈਲਥ ਮਿਸ਼ਨ ਪ੍ਰੋਗਰਾਮ ਤਹਿਤ ਸਿਹਤ ਸੇਵਾਵਾਂ ਅਤੇ ਸਕੀਮਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ ਤਾਂ ਜੋ ਲਾਭਪਾਤਰੀ ਇਨ੍ਹਾਂ ਸਿਹਤ ਸੇਵਾਵਾਂ ਅਤੇ ਸਕੀਮਾਂ ਦਾ ਸੰਪੂਰਨ ਲਾਭ ਲੈ ਸਕਣ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ.ਅਨੁਪਮਾ ਸ਼ਰਮਾ, ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾ. ਗੁਰਦੀਪ ਸਿੰਘ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਮਿਨਾਕਸ਼ੀ ਸਿੰਗਲਾ, ਜ਼ਿਲ੍ਹਾ ਸਿਹਤ ਅਫ਼ਸਰ ਡਾ.ਊਸ਼ਾ ਗੋਇਲ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਜਗਤਾਰ ਸਿੰਘ ਬਰਾੜ, ਐੱਸ.ਐੱਮ.ਓ. ਡਾ. ਮਨਿੰਦਰ ਪਾਲ ਸਿੰਘ ਅਤੇ ਸੁਪਰਡੈਂਟ ਮੱਖਣ ਸਿੰਘ ਬਰਾੜ ਅਤੇ ਸਮੂਹ ਸਟਾਫ਼ ਹਾਜ਼ਰ ਸੀ।



ਡਾ: ਬਲਵੰਤ ਸਿੰਘ ਸਿਵਲ ਸਰਜਨ ਬਠਿੰਡਾ।

## ਜਨਮ ਦਿਨ ਮੁਬਾਰਕ



ਜਸਫਤਿਹ ਸਿੰਘ ਧਾਲੀਵਾਲ
ਪਿਤਾ : ਗੁਰਵਿੰਦਰ ਸਿੰਘ ਧਾਲੀਵਾਲ, ਮਾਤਾ : ਰਾਜਿੰਦਰ ਕੌਰ
ਪਤਾ : ਬਹਿਣੀਵਾਲ (ਮਾਨਸਾ)


Tantia University
(Established by State Government Act 32 of 2013 u/s 2 (f) of UGC Act 1956)
SRI GANGANAGAR (RAJASTHAN)
Excellence Innovation Achievement
MEDICAL SCIENCE M.B.B.S.
VETERINARY SCIENCE B.V.Sc. & A.H.
AYURVEDA BAMS, M.D. (Ayurveda)
HOMOEOPATHY BHMS, M.D. (Homoeopathy)
*Admission For NEET Qualified & As Per Govt. Norms
-: OTHER COURSES :-
♦ M.Sc. Nursing ♦ B.Sc. Nursing ♦ Post Basic B.Sc. Nursing ♦ BPT ♦ MPT ♦ D.Pharmacy
♦ Ayurvedic Nursing ♦ BA LLB ♦ LLB ♦ LLM ♦ MA ♦ M.Ed. ♦ AHDP ♦ Ph.D
0154-2494125 | 94140-93087 | 94140-93083 | 94140-93082
TOLL FREE : 1800 123 1981
Email : admission@tantiauniversity.com | Visit us on : www.tantiauniversity.com


# ਗੁਰਦੁਆਰਾ ਸਾਹਿਬ 'ਚ ਹੱਲਾ ਮਚਾਉਣ ਵਾਲੀ ਔਰਤ ਇਲਾਜ ਲਈ ਹਸਪਤਾਲ ਦਾਖ਼ਲ

ਬਠਿੰਡਾ, 3 ਜਨਵਰੀ (ਸੱਤਪਾਲ ਸਿੰਘ ਸਿਵੀਆਂ)-ਬੀਤੇ ਦਿਨ ਸਥਾਨਕ ਗੁਰਦੁਆਰਾ ਕਿਲਾ ਮੁਬਾਰਕ ਸਾਹਿਬ ਦੇ ਦਰਬਾਰ ਸਾਹਿਬ 'ਚ ਦਾਖ਼ਲ ਹੋ ਕੇ ਹੱਲਾ ਮਚਾਉਣ ਵਾਲੀ ਔਰਤ ਨੂੰ ਅੱਜ ਪੁਲਿਸ ਪ੍ਰਸ਼ਾਸਨ ਤੇ ਸਮਾਜਸੇਵੀ ਸੰਸਥਾਵਾਂ ਵਲੋਂ ਇਲਾਜ ਲਈ ਸਥਾਨਕ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਥਾਣਾ ਕੋਤਵਾਲੀ ਦੇ ਮੁੱਖ ਅਫ਼ਸਰ ਪ੍ਰਮਿੰਦਰ ਸਿੰਘ ਅਤੇ ਸਮਾਜਸੇਵੀ ਗੁਰਵਿੰਦਰ ਸ਼ਰਮਾ ਤੇ ਸੰਦੀਪ ਗਿੱਲ ਦਾ ਕਹਿਣਾ ਹੈ ਕਿ ਉਕਤ ਔਰਤ ਦੀ ਮਾਨਸਿਕ ਹਾਲਾਤ ਨੂੰ ਦੇਖਦੇ ਹੋਏ ਇਲਾਜ ਕਰਵਾਉਣ ਲਈ ਉਸਨੂੰ ਸਥਾਨਕ ਭਾਈ ਮਨੀ ਸਿੰਘ ਸਿਵਲ ਹਸਪਤਾਲ ਵਿਖੇ ਲਿਆਂਦਾ ਗਿਆ ਹੈ, ਜਿੱਥੇ ਡਾਕਟਰਾਂ ਨੇ ਮੁੱਢਲੀ ਜਾਂਚ ਦੌਰਾਨ ਉਸ ਦੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਣ ਬਾਰੇ ਦੱਸਿਆ ਹੈ ਤੇ ਇਸ ਦਾ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਵਲੋਂ ਇਲਾਜ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਬੀਤੇ ਦਿਨ ਉਕਤ ਗੁਰਦੁਆਰਾ ਸਾਹਿਬ 'ਚ ਹੱਲਾ ਮਚਾਉਣ ਵਾਲੀ ਭਗਤੀ ਆਹੂਜ਼ਾ ਨਾਮੀ ਔਰਤ ਨੂੰ ਤੁਰੰਤ ਗੁਰੂ ਘਰ ਦੇ ਪ੍ਰਬੰਧਕਾਂ ਤੇ ਸਿੱਖ ਸੰਗਤਾਂ ਵਲੋਂ ਪੁਲਿਸ ਹਵਾਲੇ ਕਰ ਦਿੱਤਾ ਗਿਆ ਸੀ ਤੇ ਉਸ ਖ਼ਿਲਾਫ਼ ਗੁਰਦੁਆਰਾ ਸਾਹਿਬ ਦੇ ਮੈਨੇਜ਼ਰ ਦੇ ਬਿਆਨਾਂ ਉੱਪਰ ਸਿੱਖ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਤਹਿਤ ਥਾਣਾ ਕੋਤਵਾਲੀ ਵਿਖੇ ਮੁੱਕਦਮਾ ਦਰਜ ਕੀਤਾ ਗਿਆ ਹੈ। ਪੁਲਿਸ ਕੋਲ ਪੁੱਜੇ ਔਰਤ ਦੇ ਵਾਰਸਾਂ ਨੇ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹੋਣ ਕਾਰਨ ਪਿਛਲੇ ਕਈ ਮਹੀਨਿਆਂ ਤੋਂ ਘਰੋਂ ਲਾਪਤਾ ਹੋਣ ਦੀ ਪੁਸ਼ਟੀ ਕੀਤੀ ਸੀ ਪਰ ਪੁਲਿਸ ਪ੍ਰਸ਼ਾਸਨ ਨੇ ਇਸ ਦੀ ਆਪਣੇ ਪੱਧਰ 'ਤੇ ਹਰ ਪਹਿਲੂ ਤੋਂ ਜਾਂਚ ਵਿੱਢੀ ਹੋਈ ਹੈ ਤੇ ਉਸੇ ਜਾਂਚ ਦੇ ਹਿੱਸੇ ਵਜੋਂ ਉਸ ਨੂੰ ਇਲਾਜ ਲਈ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ ਦੱਸਿਆ ਜਾ ਰਿਹਾ ਹੈ। ਪੁਲਿਸ ਦਾ ਕਹਿਣਾ ਹੈ ਕਿ ਡਾਕਟਰਾਂ ਵਲੋਂ ਇਲਾਜ ਸ਼ੁਰੂ ਕੀਤੇ ਜਾਣ ਬਾਅਦ ਔਰਤ ਦੀ ਅਗਲੀ ਹਾਲਤ ਅਨੁਸਾਰ ਅਗਲੇਰੀ ਪੁਲਿਸ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਜੇ.ਸੀ.ਬੀ. ਮਸ਼ੀਨ ਦੀ ਮਦਦ ਨਾਲ ਦੁਕਾਨ ਨੂੰ ਢਾਹੁਣ ਦੇ ਮਾਮਲੇ ਤਹਿਤ ਦੋ ਖ਼ਿਲਾਫ਼ ਮਾਮਲਾ ਦਰਜ

ਗੋਨਿਆਣਾ, 3 ਜਨਵਰੀ (ਲਛਮਣ ਦਾਸ ਗਰਗ)-ਪਿੰਡ ਬਲਾਹੜ ਵਿੰਝੂ ਦੀ ਹੱਦ ਵਿਚ ਇਕ ਵਿਅਕਤੀ ਵਲੋਂ ਜੇ.ਸੀ.ਬੀ. ਮਸ਼ੀਨ ਦੀ ਮਦਦ ਨਾਲ ਦੁਕਾਨ ਨੂੰ ਢਹਾਉਣ ਦੇ ਮਾਮਲੇ ਤਹਿਤ ਪੁਲਿਸ ਨੇ ਦੁਕਾਨ ਮਾਲਕ ਦੇ ਬਿਆਨਾਂ ਆਧਾਰਿਤ ਇਕ ਨਾਮਵਰ ਵਿਅਕਤੀ ਸਮੇਤ ਦੋ ਖ਼ਿਲਾਫ਼ ਮਾਮਲਾ ਦਰਜ ਕਰਕੇ ਦੋਨਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਮੋਹਨ ਲਾਲ ਪੁੱਤਰ ਉਮ ਪ੍ਰਕਾਸ਼ ਜੈਤੋ ਰੋਡ ਵਾਸੀ ਗੋਨਿਆਣਾ ਮੰਡੀ ਨੇ ਪੁਲਿਸ ਕੋਲ ਲਿਖਵਾਈ ਸ਼ਿਕਾਇਤ ਵਿਚ ਕਿਹਾ ਹੈ ਕਿ ਉਸਦੀ ਪਤਨੀ ਚੰਚਲ ਨੇ ਇਕ ਪਲਾਟ ਜੋ ਪਲਾਟ ਵਿਚ ਇਕ ਦੁਕਾਨ ਬਣੀ ਹੋਈ ਹੈ, ਉਸ ਨੇ ਨਿਤਰੋਜਨ ਕੁਮਾਰ ਪੁੱਤਰ ਸੋਮ ਨਾਥ ਵਾਸੀ ਗੋਨਿਆਣਾ ਮੰਡੀ ਤੋਂ 9 ਨਵੰਬਰ 2021 ਨੂੰ ਖਰੀਦੀ ਸੀ। ਮੋਹਨ ਲਾਲ ਨੇ ਅੱਗੇ ਦੱਸਿਆ ਕਿ ਉਸ ਦਿਨ ਹੀ ਨਿਤਰੋਜਨ ਕੁਮਾਰ ਨੇ ਦੁਕਾਨ ਦਾ ਕਬਜਾ ਦੇ ਦਿੱਤਾ ਸੀ, ਜਦਕਿ 29 ਦਸੰਬਰ 2021 ਨੂੰ ਸਵੇਰ ਸਮੇਂ ਨਿਤਰੋਜਨ ਕੁਮਾਰ ਦੇ ਭਰਾ ਨਵਨੀਤ ਕੁਮਾਰ ਪੁੱਤਰ ਸੋਮ ਨਾਥ ਵਾਸੀ ਗੋਨਿਆਣਾ ਮੰਡੀ ਨੇ ਜੇ.ਸੀ.ਬੀ. ਦੇ ਨਾ-ਮਾਲੂਮ ਡਰਾਈਵਰ ਦੀ ਮਦਦ ਨਾਲ ਸਾਡੇ ਪਲਾਟ ਵਿਚ ਬਣੀ ਦੁਕਾਨ ਨੂੰ ਸਾਡੇ ਪਲਾਟ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਢਾਹਕੇ ਨੁਕਸਾਨ ਕਰ ਦਿੱਤਾ। ਥਾਣਾ ਨੇਹੀਆਂ ਵਾਲਾ ਦੀ ਪੁਲਿਸ ਨੇ ਸ਼ਿਕਾਇਤਕਰਤਾ ਮੋਹਨ ਲਾਲ ਦੀ ਸ਼ਿਕਾਇਤ ਦੇ ਆਧਾਰਿਤ ਨਵਨੀਤ ਕੁਮਾਰ ਪੁੱਤਰ ਸੋਮ ਨਾਥ ਵਾਸੀ ਗੋਨਿਆਣਾ ਮੰਡੀ ਤੇ ਜੇ.ਸੀ.ਬੀ. ਦੇ ਨਾ-ਮਾਲੂਮ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਕਤ ਦੋਨਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।




ਪੰਜਾਬ ਦੇ ਮੁੱਖ ਮੰਤਰੀ
ਚਰਨਜੀਤ ਸਿੰਘ ਚੰਨੀ
ਦੀ
ਗਤੀਸ਼ੀਲ ਅਗਵਾਈ ਹੇਠ



ਭਾਰਤ ਭੂਸ਼ਨ ਆਸ਼ੂ
ਖ਼ੁਰਾਕ, ਸਿਵਲ ਸਪਲਾਈ
ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ

ਅਤੇ

ਗੁਰਕੀਰਤ ਸਿੰਘ ਕੋਟਲੀ
ਉਦਯੋਗ ਤੇ ਵਣਜ ਅਤੇ
ਵਿਗਿਆਨ ਤੇ ਤਕਨੀਕ ਮੰਤਰੀ, ਪੰਜਾਬ

ਵੱਲੋਂ

40 ਐਮ. ਐਲ. ਡੀ.
ਕਾਮਨ ਐਫ਼ਲੈਂਟ ਟਰੀਟਮੈਂਟ ਪਲਾਂਟ
(ਫੋਕਲ ਪੁਆਇੰਟ ਮੋਡਿਊਲ)
ਦਾ ਉਦਘਾਟਨ
ਮਿਤੀ 04.01.2022, ਦਿਨ ਮੰਗਲਵਾਰ ਨੂੰ ਸਵੇਰੇ 11:00 ਵਜੇ
ਤਾਜਪੁਰ ਰੋਡ, ਲੁਧਿਆਣਾ ਵਿਖੇ ਕੀਤਾ ਜਾਵੇਗਾ।



ਪ੍ਰਾਜੈਕਟ ਕੀਮਤ 84.5 ਕਰੋੜ

ਲਾਭਪਾਤਰੀ ਉਦਯੋਗ 73

ਪ੍ਰਾਜੈਕਟ ਦੀਆਂ ਮੁੱਖ ਵਿਸ਼ੇਸ਼ਤਾਵਾਂ:-

- ਵਾਤਾਵਰਣ ਵਿੱਚ ਪ੍ਰਦੂਸ਼ਣ ਦੀ ਕਮੀ
- ਉਦਯੋਗਾਂ ਨੂੰ ਅੰਦਰੂਨੀ ਟਰੀਟਮੈਂਟ ਤੋਂ ਰਾਹਤ
- ਹੁਨਰਮੰਦ ਵਿਅਕਤੀਆਂ ਵੱਲੋਂ ਕੇਂਦਰੀਕ੍ਰਿਤ ਤੇ ਬਿਹਤਰ ਟਰੀਟਮੈਂਟ
- ਟਰੀਟਮੈਂਟ ਲਈ ਪੂੰਜੀ ਅਤੇ ਸੰਚਾਲਨ ਲਾਗਤ ਵਿੱਚ ਬੱਚਤ
- ਨੇਮਬੰਦੀ ਅਦਾਰਿਆਂ ਵੱਲੋਂ ਇੱਕ ਜਗ੍ਹਾ ਤੋਂ ਨਿਗਰਾਨੀ

No:13/311/2021/12079

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
ਵਾਤਾਵਰਣ ਭਵਨ, ਨਾਭਾ ਰੋਡ, ਪਟਿਆਲਾ, ਫੋਨ : 0175-2302392, 2200557, ਫੈਕਸ : 0175-2215636




ਮੌੜ ਮੰਡੀ ਵਿਖੇ ਲੋਕਾਂ ਨਾਲ ਮਿਲਣੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਜਪਾ ਆਗੂ ਜਗਦੀਪ ਸਿੰਘ ਨਕੱਈ। ਤਸਵੀਰ: ਕਮਾਲੂ

# ਸਾਬਕਾ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ ਵਲੋਂ ਸਰਗਰਮੀਆਂ ਸ਼ੁਰੂ

ਮੌੜ ਮੰਡੀ, 3 ਜਨਵਰੀ (ਗੁਰਜੀਤ ਸਿੰਘ ਕਮਾਲੂ)-ਸਾਬਕਾ ਮੁੱਖ ਸੰਸਦੀ ਸਕੱਤਰ ਜਗਦੀਪ ਸਿੰਘ ਨਕੱਈ ਵਲੋਂ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਅੱਜ ਹਲਕਾ ਮੌੜ ਅੰਦਰ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਜਗਦੀਪ ਸਿੰਘ ਨਕੱਈ ਵਲੋਂ ਅੱਜ ਮੌੜ ਮੰਡੀ ਅੰਦਰ ਲੇਬਰ ਦਫ਼ਤਰ ਵਿਖੇ ਮਜ਼ਦੂਰ ਕਿਰਤੀ ਕਾਮਿਆਂ ਨਾਲ ਮੀਟਿੰਗ ਕੀਤੀ ਤੇ ਉਨ੍ਹਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਸੁਣਿਆ ਤੇ ਬਹੁਤ ਜਲਦ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਦਾ ਭਰੋਸਾ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਸ਼ਹਿਰ ਅੰਦਰ ਪੈਦਲ ਚੱਲ ਕੇ ਦੁਕਾਨਦਾਰਾਂ ਨਾਲ ਮਿਲਣੀ ਕੀਤੀ ਜਿੱਥੇ ਕਿ ਸ਼ਹਿਰ ਦੇ ਦੁਕਾਨਦਾਰਾਂ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਜ਼ਿਕਰਯੋਗ ਹੈ ਕਿ ਮੌੜ ਮੰਡੀ ਦੇ ਕਾਰੋਬਾਰੀ ਲੋਕਾਂ ਵਿਚ ਜਗਦੀਪ ਸਿੰਘ ਨਕੱਈ ਦਾ ਚੰਗਾ ਪ੍ਰਭਾਵ ਹੈ ਜਿਸ ਦੇ ਚੱਲਦਿਆਂ ਅੱਜ ਉਨ੍ਹਾਂ ਦੀ ਪਠੇਲੀ ਫੇਰੀ ਦੌਰਾਨ ਹੀ ਮੌੜ ਮੰਡੀ ਦੇ ਕਾਰੋਬਾਰੀਆਂ ਦੇ ਨਾਲ-ਨਾਲ ਆਮ ਲੋਕ ਵੀ ਉਨ੍ਹਾਂ ਦਾ ਸਾਥ ਦੇਣ ਦੀ ਗੱਲ ਕਰ ਰਹੇ ਹਨ। ਜਗਦੀਪ ਸਿੰਘ ਨਕੱਈ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਲੰਬਾ ਅਰਸਾ ਸ਼੍ਰੋਮਣੀ ਅਕਾਲੀ ਦਲ ਦੀ ਸੇਵਾ ਕੀਤੀ ਹੈ ਪ੍ਰੰਤੂ ਉਨ੍ਹਾਂ ਨੂੰ ਕਦੇ ਵੀ ਬਣਦਾ ਮਾਣ ਸਤਿਕਾਰ ਨਹੀਂ ਮਿਲਿਆ। ਉਨ੍ਹਾਂ ਦੇ ਸਮਕਾਲੀ ਐੱਮ. ਐੱਲ. ਏ. ਮੰਤਰੀ ਤੱਕ ਬਣ ਗਏ ਪ੍ਰੰਤੂ ਪਾਰਟੀ ਨੇ ਉਨ੍ਹਾਂ ਨੂੰ ਕਦੇ ਵੀ ਬਹੁਤੀ ਅਹਿਮੀਅਤ ਨਹੀ ਦਿੱਤੀ। ਜਿਸ ਕਾਰਨ ਉਨ੍ਹਾਂ ਨੂੰ ਮਜਬੂਰਨ ਭਾਜਪਾ ਦਾ ਰੁੱਖ ਕਰਨਾ ਪਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਇਕ ਚੰਗੀ ਪਾਰਟੀ ਹੈ ਇੱਥੇ ਪੂਰਨ ਲੋਕਤੰਤਰ ਹੈ। ਇਸ ਪਾਰਟੀ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਕਦਰ ਹੈ। ਉਨ੍ਹਾਂ ਕਿਹਾ ਕਿ ਮੌੜ ਹਲਕੇ ਅੰਦਰ ਉਨ੍ਹਾਂ ਨੂੰ ਬਹੁਤ ਵਧੀਆ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ 5 ਜਨਵਰੀ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਫੇਰੀ ਮੌਕੇ ਪੰਜਾਬ ਲਈ ਬਹੁਤ ਵੱਡੇ ਐਲਾਨ ਹੋ ਰਹੇ ਹਨ ਜੋ ਕਿ ਪੰਜਾਬ ਅਤੇ ਪੰਜਾਬ ਦੇ ਲੋਕਾਂ ਦੇ ਹਿੱਤ ਵਿਚ ਹੋਣਗੇ।



ਬਲਾਕ ਭਗਤਾ ਭਾਈਕਾ ਦੀ ਬੈਠਕ ਦੌਰਾਨ ਸੂਬਾ ਕਮੇਟੀ ਦਾ ਸਮਰਥਨ ਕਰਦੇ ਹੋਏ ਡੀਪੂ ਹੋਲਡਰ। ਤਸਵੀਰ : ਸੋਨੀ

# ਰਾਸ਼ਨ ਡੀਪੂ ਹੋਲਡਰ ਯੂਨੀਅਨ ਬਲਾਕ ਭਗਤਾ ਭਾਈਕਾ ਵਲੋਂ ਰਾਜ ਪੱਧਰੀ ਹੜਤਾਲ ਦਾ ਪੂਰਨ ਸਮਰਥਨ

ਭਗਤਾ ਭਾਈਕਾ, 3 ਜਨਵਰੀ (ਸੁਖਪਾਲ ਸਿੰਘ ਸੋਨੀ)-ਰਾਸ਼ਨ ਡੀਪੂ ਹੋਲਡਰਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਪੰਜਾਬ ਭਰ 'ਚ ਡੀਪੂ ਹੋਲਡਰਾਂ ਵਲੋਂ ਹੜਤਾਲ ਦਾ ਐਲਾਨ ਕੀਤਾ ਹੈ। ਬਲਾਕ ਭਗਤਾ ਭਾਈਕਾ ਦੇ ਪ੍ਰਧਾਨ ਗੁਰਲਾਭ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੂੰ ਡੀਪੂ ਹੋਲਦਰਾਂ ਵਲੋਂ ਵਾਰ-ਵਾਰ ਮੰਗ ਪੱਤਰ ਦੇਣ ਤੇ ਸਿਰਫ ਝੂਠੀ ਤਸੱਲੀ ਦੇ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਵਿਚ ਕੋਵਿਡ ਦੌਰਾਨ ਲੋਕਾਂ ਨੂੰ ਮੁਫ਼ਤ ਵੰਡੀ ਕਣਕ ਦਾ ਕਮਿਸ਼ਨ ਨਹੀਂ ਦਿੱਤਾ ਗਿਆ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਗਈ ਸੀ ਕਿ ਹਰੇਕ ਡੀਪੂ ਚਾਲਕ ਨੂੰ ਵੱਖਰੀ ਬਾਇਓਮੈਟ੍ਰਿਕ ਮਸ਼ੀਨ ਦਿੱਤੀ ਜਾਵੇ, ਕਮਿਸ਼ਨ ਵਿਚ ਵਾਧਾ ਕੀਤਾ ਜਾਵੇ, ਡੀ.ਸੀ. ਰੇਟ 'ਤੇ ਮਾਣ ਭੱਤਾ ਦਿੱਤਾ ਜਾਵੇ, ਸਮੇਤ ਸਰਕਾਰ ਨੂੰ ਅਪਣੇ ਹੋਰ ਮਸਲਿਆਂ ਸਬੰਧੀ ਵਾਰ-ਵਾਰ ਸੰਪਰਕ ਕਰਨ 'ਤੇ ਕੋਈ ਨਤੀਜਾ ਨਹੀਂ ਨਿਕਲਿਆ। ਸਰਕਾਰ ਦੀ ਅਣਗਹਿਲੀ ਪੰਜਾਬ ਭਰ ਦੇ ਡੀਪੂ ਚਾਲਕ ਹੜਤਾਲ ਉਪਰ ਚੱਲ ਰਹੇ ਹਨ। ਡੀਪੂ ਹੋਲਡਰਾਂ ਨੇ ਕਿਹਾ ਕਿ ਜਿੰਨਾ ਵਕਤ ਸਰਕਾਰ ਉਨ੍ਹਾਂ ਦੇ ਮਸਲੇ ਹੱਲ ਨਹੀਂ ਕਰਦੀ, ਉਨ੍ਹਾਂ ਵਰ੍ਹੇ 2022 'ਚ ਵੰਡੀ ਜਾਣ ਵਾਲੀ ਕਣਕ ਦੀ ਸਪਲਾਈ ਨਹੀਂ ਚੱਕਣਗੇ। ਬਲਾਕ ਭਗਤਾ ਭਾਈਕਾ ਦੀ ਜਥੇਬੰਦੀ ਵਲੋਂ ਵੀ ਇੱਕ ਮੀਟਿੰਗ ਕਰਕੇ ਪੰਜਾਬਦੀ ਕਮੇਟੀ ਦੇ ਫ਼ੈਸਲੇ ਦਾ ਸਮਰਥਨ ਕੀਤਾ। ਇਸ ਮੀਟਿੰਗ ਦੌਰਾਨ ਸਤਪਾਲ ਮਲੂਕਾ, ਸੁਖਪਾਲ ਸਿੰਘ, ਰਾਮ ਕੁਮਾਰ ਰਾਮਾ, ਸਾਬਰ ਹੁਸੈਨ, ਬਲਬੀਰ ਹਮੀਰਗੜ੍ਹ, ਦਰਸਨ ਲਾਲ, ਅਸ਼ੋਕ ਕੁਮਾਰ, ਰਾਜ ਕੁਮਾਰ ਭੁੱਟੋ, ਦਲਜੀਤ ਸਿੰਘ ਸੂਬੇਦਾਰ, ਕੇਵਲ ਸਿੰਘ, ਗੇਜਾ ਸਿੰਘ, ਬਲਜੀਤ ਸਿੰਘ, ਜੋਗਿੰਦਰ ਸਿੰਘ, ਰਮੇਸ ਕੁਮਾਰ, ਮੇਗਲ ਸਿੰਘ, ਦੀਵਾਨ ਚੰਦ, ਜਗਮੀਤ ਸਿੰਘ, ਜੋਗਿੰਦਰ ਸਿੰਘ, ਸੁਖਵਿੰਦਰ ਸੋਢੀ, ਯਾਦਵਿੰਦਰ, ਬਲਦੇਵ, ਕ੍ਰਿਸਨ, ਜਸਪਾਲ ਕੁਮਾਰ ਆਦਿ ਹਾਜ਼ਰ ਸਨ।